# ਪੰਜਾਬ ਵਿਧਾਨ ਸਭਾ ਸਕੱਤਰੇਤ

## ਬੁੱਧਵਾਰ, ਮਿਤੀ 10 ਮਾਰਚ, 2021 ਨੂੰ ਹੋਣ ਵਾਲੀ ਪੰਜਾਬ ਵਿਧਾਨ ਸਭਾ ਦੀ ਬੈਠਕ ਵਿਚ ਪੁੱਛੇ ਜਾਣ ਵਾਲੇ ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨ।

### ਪਸ਼ੂ ਭਲਾਈ ਬੋਰਡ ਗਠਿੱਤ ਕਰਨਾ

552. **ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ:**- ਕੀ ਪਸ਼ੂ ਪਾਲਣ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਪਸ਼ੂ ਪਾਲਕਾਂ ਦੀ ਭਲਾਈ ਲਈ ਪੰਜਾਬ ਵਿੱਚ ਗੈਰ ਸਰਕਾਰੀ ਮੈਂਬਰਾਂ ਨੂੰ ਸ਼ਾਮਲ ਕਰਕੇ ਪਸ਼ੂ ਭਲਾਈ ਬੋਰਡ ਗਠਿੱਤ ਕਰਨ ਦੀ ਵਿਵਸਥਾ ਹੈ;

ਅ) ਜੇਕਰ ਭਾਗ (ੳ) ਦਾ ਉੱਤਰ ਹਾਂ ਵਿੱਚ ਹੈ ਤਾਂ ਪਸ਼ੂ ਭਲਾਈ ਬੋਰਡ ਹੁਣ ਤੱਕ ਕਿਉਂ ਗਠਿੱਤ ਨਹੀਂ ਕੀਤੇ ਗਏ;

ੲ) ਪੰਜਾਬ ਸਰਕਾਰ ਪਸ਼ੂ ਭਲਾਈ ਬੋਰਡ ਗਠਿੱਤ ਕਰਨ ਲਈ ਕਿੰਨਾ ਸਮਾਂ ਹੋਰ ਲਾਵੇਗੀ?

### ਡਰਿੱਪ ਸਿਸਟਮ ਤਹਿਤ ਬਿਜਲੀ ਮੋਟਰ ਕੁਨੈਕਸ਼ਨ ਦੇਣਾ

553. **ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ:**- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਪੰਜਾਬ ਵਿੱਚ ਡਰਿੱਪ ਸਿਸਟਮ ਤਹਿਤ ਬਿਜਲੀ ਮੋਟਰ ਕੁਨੈਕਸ਼ਨ ਸਬੰਧੀ ਪਹਿਲ ਦੇ ਆਧਾਰ ਤੇ ਬਿਜਲੀ ਕੁਨੈਕਸ਼ਨ ਲੈਣ ਲਈ ਸਬੰਧਿਤ ਕਿਸਾਨਾਂ ਪਾਸੋਂ ਹੁਣ ਤੱਕ ਜਿਲ੍ਹਾਵਾਰ ਕਿੰਨੀਆਂ ਦਰਖਾਸਤਾਂ ਪ੍ਰਾਪਤ ਹੋਈਆਂ;

ਅ) ਕੀ ਇਹ ਠੀਕ ਹੈ ਕਿ ਲੋੜੀਂਦੀ ਸਿਕਿਉਰਿਟੀ ਭਰੇ ਜਾਣ ਦੇ ਬਾਵਜੂਦ ਵੀ ਬਹੁਤੇ ਕਿਸਾਨਾਂ ਨੂੰ ਤਿੰਨ ਸਾਲ ਤੋਂ ਵੱਧ ਸਮਾਂ ਬੀਤ ਜਾਣ ਤੇ ਵੀ ਡਰਿੱਪ ਸਿਸਟਮ ਤਹਿਤ ਬਿਜਲੀ ਕੁਨੈਕਸ਼ਨ ਨਹੀਂ ਦਿੱਤੇ ਗਏ; ਜੇਕਰ ਅਜਿਹਾ ਹੋਵੇ ਤਾਂ ਕਿਸਾਨਾਂ ਦੀ ਸੂਚੀ ਦਿੱਤੀ ਜਾਵੇ ਅਤੇ ਹੁਣ ਤੱਕ ਪਹਿਲ ਦੇ ਆਧਾਰ ਤੇ ਬਿਜਲੀ ਕੁਨੈਕਸ਼ਨ ਨਾ ਦੇਣ ਦੇ ਕੀ ਕਾਰਨ ਹਨ, ਬਾਰੇ ਵੀ ਦੱਸਿਆ ਜਾਵੇ;

ੲ) ਜੇਕਰ ਭਾਗ (ਅ) ਦਾ ਉੱਤਰ ਹਾਂ ਵਿੱਚ ਹੈ ਤਾਂ ਪੰਜਾਬ ਸਰਕਾਰ ਬਾਕੀ ਰਹਿੰਦੇ ਕਿਸਾਨਾਂ ਨੂੰ ਬਿਜਲੀ ਕੁਨੈਕਸ਼ਨ ਕਦੋਂ ਤੱਕ ਦੇ ਦੇਵੇਗੀ?

### ਸਿਵਲ ਹਸਪਤਾਲ ਵਿੱਚ ਮਨਜ਼ੂਰ ਪੈਕੇਜ਼ ਅਤੇ ਡਾਕਟਰਾਂ ਦੀ ਘਾਟ

554. 1. **ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ)**
2. **ਸਰਦਾਰ ਕੁਲਵੰਤ ਸਿੰਘ ਪੰਡੋਰੀ, ਐਮ.ਐਲ.ਏ):**- ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਸਿਵਲ ਹਸਪਤਾਲ, ਮਾਨਸਾ ਵਿੱਚ ਸਿਰਫ 124 ਪੈਕੇਜ਼ ਦਾ ਹੀ ਪ੍ਰਬੰਧ ਹੈ ਅਤੇ ਬਾਕੀ 1262 ਪੈਕੇਜ਼ ਲਈ ਸਬੰਧਿਤ ਮਰੀਜ਼ਾਂ ਨੂੰ ਮਹਿੰਗੇ ਅਤੇ ਦੂਰ ਦੁਰਾਡੇ ਦੇ ਹਸਪਤਾਲਾਂ ਵਿੱਚ ਰੈਫਰ ਕੀਤਾ ਜਾਂਦਾ ਹੈ;

ਅ) ਕੀ ਇਹ ਠੀਕ ਹੈ ਕਿ ਸਿਵਲ ਹਸਪਤਾਲ, ਮਾਨਸਾ ਵਿੱਚ ਸਰਜਨ ਡਾਕਟਰ ਤਾਇਨਾਤ ਨਹੀਂ ਹੈ ਅਤੇ ਅਲਟਰਾਸਾਊਂਡ ਮਸ਼ੀਨ ਡਾਕਟਰ ਦੀ ਕਮੀ ਕਾਰਨ ਕਾਫੀ ਲੰਮੇ ਸਮੇਂ ਤੋਂ ਬੰਦ ਪਈ ਹੈ;

ੲ) ਜੇਕਰ ਉਪਰੋਕਤ ਭਾਗ (ੳ) ਅਤੇ (ਅ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਪੰਜਾਬ ਵਿੱਚ ਅਜਿਹੇ ਕਿੰਨੇ ਸਿਵਲ ਹਸਪਤਾਲ ਹਨ ਜਿੱਥੇ ਮਨਜ਼ੂਰ ਪੈਕੇਜ਼ ਅਤੇ ਡਾਕਟਰਾਂ ਦੀ ਗਿਣਤੀ ਘੱਟ ਹੈ, ਵੇਰਵੇ ਸਹਿਤ ਦੱਸਿਆ ਜਾਵੇ?

### ਦਰੱਖਤਾਂ ਦੀ ਨਜਾਇਜ਼ ਕਟਾਈ ਦੀ ਪੜਤਾਲ

555. 1. **ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ)**
2. **ਸਰਦਾਰ ਕੁਲਵੰਤ ਸਿੰਘ ਪੰਡੋਰੀ, ਐਮ.ਐਲ.ਏ):**- ਕੀ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਸਾਲ 2016-17 ਵਿੱਚ ਬਿਸਤ ਦੁਆਬ ਨਹਿਰ ਦੇ ਨਾਲ 24,777 ਵੱਡੇ ਦਰੱਖਤਾਂ ਦੀ ਨਜਾਇਜ਼ ਕਟਾਈ ਕੀਤੀ ਗਈ ਸੀ;

ਅ) ਕੀ ਇਹ ਵੀ ਠੀਕ ਹੈ ਕਿ ਇਸ ਨਜਾਇਜ਼ ਕਟਾਈ ਦੀ ਪੜਤਾਲ ਪੰਜਾਬ ਸਰਕਾਰ ਵੱਲੋਂ ਉਸੇ ਹੀ ਆਈ.ਏ.ਐਸ. ਅਧਿਕਾਰੀ ਨੂੰ ਸੌਂਪੀ ਗਈ ਹੈ ਜੋ ਸਾਲ 2016-17 ਵਿੱਚ ਜੰਗਲਾਤ ਵਿਭਾਗ ਦੇ ਸਕੱਤਰ ਸਨ;

ੲ) ਜੇਕਰ ਭਾਗ (ੳ) ਅਤੇ (ਅ) ਦਾ ਉੱਤਰ ਹਾਂ ਵਿੱਚ ਹਨ ਤਾਂ ਪੰਜਾਬ ਸਰਕਾਰ ਨੇ ਉਸੇ ਹੀ ਅਧਿਕਾਰੀ ਨੂੰ ਪੜਤਾਲ ਕਿਉਂ ਸੌਂਪੀ ਜੋ ਨਜਾਇਜ਼ ਕਟਾਈ ਸਮੇਂ ਇਸ ਵਿਭਾਗ ਦਾ ਸਕੱਤਰ ਸੀ ਅਤੇ ਇਹ ਪੜਤਾਲ ਕਦੋਂ ਤੱਕ ਮੁਕੰਮਲ ਹੋ ਜਾਵੇਗੀ?

### ਕਿਸਾਨ ਕਰਜ਼ਾ ਮੁਕਤੀ ਸਮਾਗਮਾਂ ਦੌਰਾਨ ਤਕਸੀਮ ਕੀਤੇ ਸਰਟੀਫਿਕੇਟਾਂ ਦਾ ਖਰਚਾ

597. **ਮਾਸਟਰ ਬਲਦੇਵ ਸਿੰਘ,ਐਮ.ਐਲ.ਏ.:**- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕਿਸਾਨ ਕਰਜ਼ਾ ਮੁਕਤੀ ਸਮਾਗਮਾਂ ਤੇ ਸਰਕਾਰ ਵੱਲੋਂ ਕਿੰਨਾਂ ਖਰਚ ਕੀਤਾ ਗਿਆ ਅਤੇ ਇਨ੍ਹਾਂ ਸਮਾਗਮਾਂ ਦੌਰਾਨ ਤਕਸੀਮ ਕੀਤੇ ਵੱਡ ਅਕਾਰੀ ਸਰਟੀਫਿਕੇਟ ਤੇ ਪ੍ਰਤੀ ਸਰਟੀਫਿਕੇਟ ਕਿੰਨਾ ਖਰਚ ਆਇਆ?

### ਸਰਕਾਰ ਵੱਲੋਂ ਸ਼ਹਿਰਾਂ ਦੀਆਂ ਵੇਚੀਆਂ ਜ਼ਮੀਨਾਂ ਦੇ ਵੇਰਵੇ

598. **ਮਾਸਟਰ ਬਲਦੇਵ ਸਿੰਘ,ਐਮ.ਐਲ.ਏ.:**- ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਿਛਲੇ ਪੰਜ ਸਾਲਾਂ ਦੌਰਾਨ ਪੰਜਾਬ ਸਰਕਾਰ ਵੱਲੋਂ ਸ਼ਹਿਰਾਂ ਵਿੱਚ ਕਿਹੜੀਆਂ-ਕਿਹੜੀਆਂ ਜ਼ਮੀਨਾਂ ਵੇਚੀਆਂ ਗਈਆਂ ਹਨ ਅਤੇ ਉਨ੍ਹਾਂ ਤੋਂ ਕਿੰਨਾ-ਕਿੰਨਾ ਪੈਸਾ ਪ੍ਰਾਪਤ ਹੋਇਆ ਹੈ?

### ਪੱਵਿਤਰ ਵੇਂਈ ਨਦੀ ਵਿੱਚ ਗੰਦਾ ਪਾਣੀ ਪੈਣ ਤੋਂ ਰੋਕਣਾ

599. **ਮਾਸਟਰ ਬਲਦੇਵ ਸਿੰਘ,ਐਮ.ਐਲ.ਏ.:**- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸ਼੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਪਵਿੱਤਰ ਵੇਈਂ ਨਦੀ ਵਿੱਚ ਗੰਦਾ ਪਾਣੀ ਪੈਣ ਤੋਂ ਰੋਕ ਦਿੱਤਾ ਗਿਆ ਹੈ; ਜੇਕਰ ਨਹੀਂ ਤਾਂ ਇਸ ਸਬੰਧੀ ਸਰਕਾਰ ਕੀ ਕਾਰਵਾਈ ਕਰ ਰਹੀ ਹੈ?

### ਹਲਕਾ ਜੈਤੋਂ ਵਿਖੇ ਸ਼ਗਨ ਸਕੀਮ ਦੇ ਵੇਰਵੇ

600. **ਮਾਸਟਰ ਬਲਦੇਵ ਸਿੰਘ,ਐਮ.ਐਲ.ਏ.:**- ਕੀ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ 2017 ਤੋਂ ਲੈ ਕੇ ਹੁਣ ਤੱਕ ਹਲਕਾ ਜੈਤੋਂ ਵਿੱਚੋਂ ਸ਼ਗਨ ਸਕੀਮ ਤਹਿਤ ਕਿੰਨੀਆਂ ਦਰਖਾਸਤਾਂ ਆਈਆਂ ਹਨ ਅਤੇ ਇਨ੍ਹਾ ਵਿੱਚੋਂ ਕਿੰਨੇ ਪਰਿਵਾਰਾਂ ਨੂੰ ਸ਼ਗਨ ਦੇ ਦਿੱਤਾ ਗਿਆ ਹੈ ਅਤੇ ਪ੍ਰਸ਼ਾਸਨ ਕੋਲ ਲੰਬਿਤ ਪਈਆਂ ਦਰਖਾਸਤਾਂ ਦਾ ਨਿਪਟਾਰਾ ਕਿੰਨੇ ਸਮੇਂ ਅੰਦਰ ਕਰ ਦਿੱਤਾ ਜਾਵੇਗਾ?

### ਪ੍ਰਾਈਵੇਟ ਕੰਪਨੀਆਂ ਦੀਆਂ ਏ.ਸੀ. ਬੱਸਾਂ ਲਈ ਜਾਰੀ ਕੀਤੇ ਰੂਟ ਪਰਮਿਟਾਂ ਦਾ ਵੇਰਵਾ

637. **ਸਰਦਾਰ ਕੁਲਬੀਰ ਸਿੰਘ ਜ਼ੀਰਾ, ਐਮ.ਐਲ.ਏ:**-ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਮਾਰਚ 2013 ਤੋਂ ਹੁਣ ਤੱਕ ਸਰਕਾਰ ਵੱਲੋਂ ਪ੍ਰਾਈਵੇਟ ਕੰਪਨੀਆਂ ਦੀਆਂ ਏ.ਸੀ. ਬੱਸਾਂ ਲਈ ਕਿੰਨੇ ਰੂਟ ਪਰਮਿਟ ਜਾਰੀ ਕੀਤੇ ਗਏ ਹਨ, ਕੰਪਨੀਵਾਈਜ਼ ਵੇਰਵਾ ਦਿੱਤਾ ਜਾਵੇ;

ਅ) ਇਹ ਰੂਟ ਪਰਮਿਟ ਜਾਰੀ ਕਰਨ ਲਈ ਕੀ-ਕੀ ਮਾਪਦੰਡ ਅਪਣਾਏ ਗਏ ਹਨ;

ੲ) ਕੀ ਜ਼ੀਰਾ ਤੋਂ ਚੰਡੀਗੜ੍ਹ ਤੱਕ ਏ.ਸੀ. ਬੱਸ ਚਲਾਉਣ ਦਾ ਸਰਕਾਰ ਵਿਚਾਰ ਰੱਖਦੀ ਹੈ?

### ਹਲਕਾ ਰਾਏਕੋਟ ਵਿਖੇ ਸ਼ਗਨ ਸ਼ਕੀਮ ਦੀ ਰਾਸ਼ੀ ਦੇ ਵੇਰਵੇ

640. **ਸਰਦਾਰ ਜਗਤਾਰ ਸਿੰਘ ਜੱਗਾ, ਐਮ.ਐਲ.ਏ:**- ਕੀ ਸਮਾਜਿਕ ਨਿਆਂ, ਅਧਿਕਾਰਤਾ ਤੇ ਘੱਟ ਗਿਣਤੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਵਿਧਾਨ ਸਭਾ ਹਲਕਾ ਰਾਏਕੋਟ ਵਿੱਚ ਪਿੱਛਲੇ ਪੰਜ ਸਾਲਾ ਦੌਰਾਨ ਸਗਨ ਸ਼ਕੀਮ ਦੀਆਂ ਕੁੱਲ ਕਿੰਨੀਆਂ ਦਰਖਾਸਤਾਂ ਆਈਆਂ ਸਨ, ਅਤੇ ਕਿੰਨਿਆਂ ਨੂੰ ਸਗਨ ਸ਼ਕੀਮ ਅਧੀਨ ਲਾਭ ਦੇ ਦਿੱਤਾ ਗਿਆ ਹੈ ਅਤੇ ਜੋ ਕੇਸ ਅਜੇ ਪੈਂਡਿੰਗ ਪਏ ਹਨ ਉਹਨਾਂ ਦੀ ਪੇਮੈਂਟ ਦਾ ਲਾਭਪਾਤਰੀਆਂ ਨੂੰ ਕਦੋਂ ਤੱਕ ਨਿਪਟਾਰਾ ਕਰ ਦਿੱਤਾ ਜਾਵੇਗਾ?

### ਕਿਸਾਨਾਂ ਦੀ ਐਕਵਾਇਰ ਕੀਤੀ ਜ਼ਮੀਨ ਵਾਪਸ ਦਿਵਾਉਣਾ

648. **ਸਰਦਾਰ ਪਿਰਮਲ ਸਿੰਘ ਧੌਲਾ, ਐਮ.ਐਲ.ਏ.:**-ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਪਿੰਡ ਫਤਿਹਗੜ੍ਹ ਛੰਨਾ ਅਤੇ ਪਿੰਡ ਧੌਲਾ ਦੀ ਜ਼ਮੀਨ ਸ਼ੂਗਰ ਮਿੱਲ ਲਗਾਉਣ ਲਈ ਐਕਵਾਇਰ ਕੀਤੀ ਗਈ ਹੈ;

ਅ) ਕੀ ਇਹ ਵੀ ਠੀਕ ਹੈ ਕਿ ਸਬੰਧਿਤ ਕੰਪਨੀ ਵੱਲੋਂ ਮਿਲ ਨਹੀਂ ਲਗਾਈ ਗਈ ਜਿਸ ਕਾਰਨ ਉਨ੍ਹਾਂ ਦੀ ਕੰਪਨੀ ਦੀ ਬੈਂਕ ਗਾਰੰਟੀ ਜਬਤ ਹੋ ਚੁੱਕੀ ਹੈ ਅਤੇ ਸ਼ੂਗਰਕੇਨ (ਕੰਟਰੋਲ) ਦੀ ਧਾਰਾ ਅਧੀਨ ਡੀ-ਰੈਕੋਗਨਾਈਜ਼ ਹੋ ਚੁੱਕੀ ਹੈ;

ੲ) ਜੇਕਰ ਉਪਰੋਕਤ ਭਾਗ (ੳ) ਅਤੇ (ਅ) ਦਾ ਉੱਤਰ ਹਾਂ ਵਿੱਚ ਹੈ ਤਾਂ ਕਿਸਾਨਾਂ ਦੀ ਐਕਵਾਇਰ ਕੀਤੀ ਜ਼ਮੀਨ ਉਨ੍ਹਾਂ ਨੂੰ ਕਦੋਂ ਤੱਕ ਵਾਪਸ ਦੇਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

### ਧੌਲਾ ਵਿਖੇ ਡੇਰਾ ਬੁੱਧਦਾਸ ਜੀ, ਸ਼ਮਸ਼ਾਨ ਘਾਟ ਅਤੇ ਬਿਜਲੀ ਗ੍ਰਿੱਡ ਦਾ ਰਸਤਾ ਪੱਕਾ ਕਰਨਾ

649. **ਸਰਦਾਰ ਪਿਰਮਲ ਸਿੰਘ ਧੌਲਾ, ਐਮ.ਐਲ.ਏ.:**-ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜ਼ਿਲ੍ਹਾ ਬਰਨਾਲਾ ਦੇ ਪਿੰਡ ਧੌਲਾ ਵਿਖੇ ਧਾਰਮਿਕ ਡੇਰਾ ਬਾਬਾ ਬੁੱਧਦਾਸ ਜੀ, ਸ਼ਮਸ਼ਾਨ ਘਾਟ ਅਤੇ ਬਿਜਲੀ ਗਰਿੱਡ ਇਨ੍ਹਾਂ ਤਿੰਨੋ ਥਾਵਾਂ ਨੂੰ ਜਾਂਦਾ ਇੱਕੋ ਰਸਤਾ ਕੱਚਾ ਹੋਣ ਕਾਰਨ ਲੋਕਾਂ ਨੂੰ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ; ਜੇਕਰ ਅਜਿਹਾ ਹੈ ਤਾਂ ਇਸ ਨੂੰ ਕਦੋਂ ਤੱਕ ਪੱਕਾ ਕਰਨ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ?

### ਪੰਜਾਬ ਰਾਜ ਵਿੱਚ ਅਨੁਸੂਚਿਤ ਜਾਤੀਆਂ ਲਈ ਪ੍ਰੋਟੈਕਸ਼ਨ ਸੈੱਲ ਬਣਾਉਣਾ

668. **ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ, ਐਮ.ਐਲ.ਏ.:**- ਕੀ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਪੰਜਾਬ ਰਾਜ ਵਿੱਚ ਅਨੁਸੂਚਿਤ ਜਾਤੀਆਂ ਲਈ ਸਰਕਾਰ ਨੇ ਜਿਲ੍ਹੇਵਾਰ ਪ੍ਰੋਟੈਕਸ਼ਨ ਸੈੱਲ ਬਣਾਏ ਸਨ; ਜੇਕਰ ਅਜਿਹਾ ਹੋਵੇ ਤਾਂ ਸਾਲ 2007 ਤੱਕ ਅਤੇ 2012-2017 ਤੱਕ ਕਿੰਨੇ ਪ੍ਰੋਟੈਕਸ਼ਨ ਸੈੱਲ ਬਣਾਏ ਗਏ;

ਅ) ਉਪਰੋਕਤ ਵਰਣਿਤ ਪ੍ਰੋਟੈਕਸ਼ਨ ਸੈੱਲ ਲਈ ਸਾਲ 2007-2012, 2012-2017 ਅਤੇ ਸਾਲ 2017 ਤੋ 30 ਜੂਨ, 2020 ਤੱਕ ਕੇਂਦਰ ਤੋਂ ਕਿੰਨੀ ਰਕਮ ਪ੍ਰਾਪਤ ਕੀਤੀ ਗਈ?

ਪਰਤੋ ਜੀ.....

## ਹਲਕਾ ਜਗਰਾਓਂ ਦੇ ਅਨਸੁਰੱਖਿਤ ਇਮਾਰਤਾਂ ਵਾਲੇ ਸਕੂਲਾਂ ਦੀ ਗਿਣਤੀ

669. **ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ, ਐਮ.ਐਲ.ਏ.**:- ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-
ੳ) ਹਲਕਾ ਜਗਰਾਓਂ ਵਿੱਚ ਸਰਕਾਰੀ ਪ੍ਰਾਇਮਰੀ, ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਕਿੰਨੀਆਂ ਇਮਾਰਤਾਂ ਅਸੁਰੱਖਿਅਤ ਹਨ;
ਅ) ਉਪਰੋਕਤ ਵਰਣਿਤ ਇਮਾਰਤਾਂ ਨੂੰ ਕਦੋਂ ਤੱਕ ਰਿਪੇਅਰ ਜਾਂ ਨਵੀਆਂ ਉਸਾਰੀਆਂ ਕਰਵਾਉਣ ਦੀ ਤਜ਼ਵੀਜ ਸਰਕਾਰ ਦੇ ਵਿਚਾਰ ਅਧੀਨ ਹੈ;
ੲ) ਕੀ ਇਹ ਠੀਕ ਹੈ ਕਿ ਰਸੂਲਪੁਰ ਮੱਲ ਵਿਖੇ ਇੱਕ ਸਕੂਲ ਦੀ ਇਮਾਰਤ ਬਹੁਤ ਤਰਸਯੋਗ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੀ ਨਵ ਉਸਾਰੀ ਕਦੋਂ ਤੱਕ ਕਰਵਾ ਦਿੱਤੀ ਜਾਵੇਗੀ?

## ਜਗਰਾਓਂ ਹਲਕੇ ਦੇ ਲੋਕਾਂ ਲਈ ਪੀਣ ਵਾਲੇ ਪਾਣੀ ਦਾ ਇੰਤਜਾਮ ਕਰਨਾ

670. **ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ, ਐਮ.ਐਲ.ਏ.**:- ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-
ੳ) ਕੀ ਜਗਰਾਓਂ ਹਲਕੇ ਵਿੱਚ ਵਾਟਰ ਵਰਕਸ ਦੇ ਬਿਜਲੀ ਦੇ ਕੁਨੈਕਸ਼ਨ ਕੱਟੇ ਗਏ ਹਨ; ਜੇਕਰ ਕੱਟੇ ਗਏ ਹਨ ਤਾਂ ਕੀ ਕਾਰਨ ਹਨ ਅਤੇ ਦੁਬਾਰਾ ਚਾਲੂ ਕਦੋਂ ਹੋਣਗੇ;
ਅ) ਜਿਨ੍ਹਾਂ ਦੇ ਕੁਨੈਕਸ਼ਨ ਕੱਟੇ ਗਏ ਹਨ ਉਹਨਾਂ ਲੋਕਾਂ ਨੂੰ ਪੀਣ ਵਾਲੇ ਪਾਣੀ ਦੇ ਕੀ ਇੰਤਜਾਮ ਕਰ ਕੇ ਦਿੱਤੇ ਗਏ ਹਨ?

## ਸਟਰੀਟ ਵੈਂਡਰਜ਼ ਨੂੰ ਸਹੂਲਤਾਂ ਦੇਣਾ

671. **ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ, ਐਮ.ਐਲ.ਏ.**:- ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-
ੳ) ਕੀ ਇਹ ਠੀਕ ਹੈ ਕਿ ਸਟਰੀਟ ਵੈਂਡਿੰਗ ਐਕਟ 2014 ਅਧੀਨ ਨਗਰ ਕੌਂਸਲ ਨੇ ਵੈਂਡਰ ਸੈੱਡ, ਹਵਾ, ਪਾਣੀ ਤੇ ਲਾਈਟ ਦਾ ਪ੍ਰਬੰਧ ਕਰ ਕੇ ਦੇਣਾ ਹੁੰਦਾ ਹੈ; ਜੇਕਰ ਅਜਿਹਾ ਹੋਵੇ ਤਾਂ ਜਗਰਾਓਂ ਨਗਰ ਕੌਂਸਲ ਦੇ 709 ਸਟਰੀਟ ਵੈਂਡਰਜ਼ ਤੋਂ ਲਾਈਸੈਂਸ ਫੀਸ ਲੈਣ ਦੇ ਬਾਵਜੂਦ ਅੱਜੇ ਤੱਕ ਉਹਨਾਂ ਨੂੰ ਕੋਈ ਵੀ ਸਹੂਲਤ ਕਿਉਂ ਨਹੀਂ ਦਿੱਤੀ;
ਅ) ਕੀ ਕਾਰਨ ਹੈ ਕਿ 4 ਸਾਲ ਪਹਿਲਾਂ 500 ਰੁਪਏ ਪ੍ਰਤੀ ਵੈਂਡਰ ਤੋਂ ਫੀਸ ਲੈਣ ਤੋਂ ਬਾਅਦ ਵੀ ਉਹਨਾਂ ਨੂੰ ਤਰ੍ਹਾਂ-ਤਰ੍ਹਾਂ ਨਾਲ ਬੇਇਜ਼ਤ ਤੇ ਪੀੜ੍ਹਤ ਕੀਤਾ ਜਾਂਦਾ ਹੈ?

## ਸਟੇਟ ਹੈਲਥ ਏਜੰਸੀ ਵਿੱਚ ਕੰਮ ਕਰਦੇ ਵਿਅਕਤੀਆਂ ਦੀ ਸੂਚੀ

673. **ਸਰਦਾਰ ਜੈ ਕ੍ਰਿਸ਼ਨ ਸਿੰਘ ਰੋੜੀ, ਐਮ.ਐਲ.ਏ**:- ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-
ੳ) ਸਟੇਟ ਹੈਲਥ ਏਜੰਸੀ ਪੰਜਾਬ ਵਿੱਚ ਪਾਲਿਸੀ ਸਾਲ 1 ਅਤੇ ਪਾਲਿਸੀ ਸਾਲ 2 ਦੌਰਾਨ ਕੰਮ ਕਰਦੇ ਸਾਰੇ ਵਿਅਕਤੀਆਂ ਦੀਆਂ ਵੱਖ-ਵੱਖ ਲਿਸਟਾਂ ਦਿੱਤੀਆਂ ਜਾਣ;
ਅ) ਸਟੇਟ ਹੈਲਥ ਏਜੰਸੀ ਪੰਜਾਬ ਵਿੱਚ ਕਿੰਨੇ ਵਿਅਕਤੀਆਂ ਦੀ ਭਰਤੀ ਕੀਤੀ ਗਈ ਹੈ ਅਤੇ ਉਹਨਾਂ ਵਿੱਚੋਂ ਕਿੰਨੇ ਪੰਜਾਬੀ ਪਾਸ ਹਨ ਅਤੇ ਕਿੰਨੇ ਨਹੀਂ, ਉਹਨਾਂ ਹਰੇਕ ਦੀ ਲਿਸਟ ਦਿੱਤੀ ਜਾਵੇ ਅਤੇ ਨਾਲ ਹੀ ਪਦਵੀ, ਯੋਗਤਾ, ਤਜਰਬਾ, ਅਦਾ ਕੀਤੀ ਜਾ ਰਹੀ ਤਨਖਾਹ, ਭਰਤੀ ਦਾ ਤਰੀਕਾ, ਇਸ਼ਤਿਹਾਰ ਕੀਤਾ ਜਾਂ ਨਹੀਂ, ਕਿਹੜੀ ਸੰਸਥਾ ਦੁਆਰਾ ਭਰਤੀ ਕੀਤੀ ਗਈ, ਦੱਸਿਆ ਜਾਵੇ?

## ਭਗਤ ਪੂਰਨ ਸਿੰਘ ਸਕੀਮ ਤਹਿਤ ਪੈਂਡਿੰਗ ਐਕਸੀਡੈਂਟ ਕਲੇਮ

674. **ਸਰਦਾਰ ਜੈ ਕ੍ਰਿਸ਼ਨ ਸਿੰਘ ਰੋੜੀ, ਐਮ.ਐਲ.ਏ.**:- ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-
ੳ) ਭਗਤ ਪੂਰਨ ਸਿੰਘ ਸਕੀਮ ਤਹਿਤ ਕਿੰਨੇ ਨਿੱਜੀ ਐਕਸੀਡੈਂਟ ਕਲੇਮ ਪੈਂਡਿੰਗ ਹਨ ਅਤੇ ਉਹਨਾਂ ਦਾ ਕਿਸ ਤਰੀਕੇ ਨਾਲ ਨਿਪਟਾਰਾ ਕੀਤਾ ਜਾ ਰਿਹਾ ਹੈ ਅਤੇ ਕਿਹੜੇ-ਕਿਹੜੇ ਵਿਅਕਤੀ ਇਸ ਨਿਪਟਾਰੇ ਨੂੰ ਕਰਨ ਲਈ ਲਗਾਏ ਗਏ ਹਨ, ਉਹਨਾਂ ਦੀ ਸੂਚੀ ਦਿੱਤੀ ਜਾਵੇ;
ਅ) ਸਟੇਟ ਹੈਲਥ ਏਜੰਸੀ ਦੇ ਖਿਲਾਫ ਇਸ ਸਮੇਂ ਕਿਹੜੇ-ਕਿਹੜੇ ਕੋਰਟ ਕੇਸ ਅਤੇ ਕੰਟੇਪਟ ਆਫ ਕੋਰਟ ਕੇਸ ਚੱਲ ਰਹੇ ਹਨ?

## ਸਰਬੱਤ ਸਿਹਤ ਬੀਮਾ ਯੋਜਨਾ ਤਹਿਤ ਕਰੋਨਾ ਦੇ ਮਰੀਜ਼ਾਂ ਦਾ ਇਲਾਜ਼

675. **ਸਰਦਾਰ ਜੈ ਕ੍ਰਿਸ਼ਨ ਸਿੰਘ ਰੋੜੀ, ਐਮ.ਐਲ.ਏ**:- ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਬੱਤ ਸਿਹਤ ਬੀਮਾ ਯੋਜਨਾ ਸਕੀਮ ਅਧੀਨ ਕੁੱਲ ਕਿੰਨੇ ਕਰੋਨਾ ਦੇ ਮਰੀਜਾਂ ਦਾ ਸਰਕਾਰੀ ਅਤੇ ਨਿੱਜੀ ਹਸਪਤਾਲਾਂ ਵਿੱਚ ਇਲਾਜ਼ ਕੀਤਾ ਗਿਆ, ਉਸਦੀ ਗਿਣਤੀ ਹਸਪਤਾਲ-ਵਾਈਜ਼ ਅਤੇ ਜਿਲ੍ਹੇ ਵਾਈਜ਼ ਦੱਸੀ ਜਾਵੇ?

## ਪਿੰਡ ਚਾਂਦਪੁਰ ਦੀ ਗ੍ਰਾਮ ਪੰਚਾਇਤ ਵੱਲੋਂ ਫੰਡਾਂ ਵਿੱਚ ਕੀਤੇ ਘੁਟਾਲੇ ਦੀ ਜਾਂਚ

676. **ਸਰਦਾਰ ਕੰਵਰ ਸੰਧੂ, ਐਮ.ਐਲ.ਏ.**:-ਕੀ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-
ੳ) ਕੀ ਜ਼ਿਲ੍ਹਾ ਐਸ.ਏ.ਐਸ. ਨਗਰ ਦੀ ਤਹਿਸੀਲ ਖਰੜ, ਬਲਾਕ ਮਾਜਰੀ ਦੇ ਪਿੰਡ ਚਾਂਦਪੁਰ ਦੀ ਗ੍ਰਾਮ ਪੰਚਾਇਤ ਵੱਲੋਂ 2012 ਤੋਂ 2018 ਦੇ ਸਮੇਂ ਦੌਰਾਨ ਕੀਤੇ ਗਏ/ਨਾ ਕੀਤੇ ਗਏ ਕੰਮਾਂ ਸੰਬੰਧੀ 2018 ਵਿੱਚ ਕੀਤੀ ਗਈ ਸ਼ਿਕਾਇਤ ਤੇ ਵਿਕਾਸ ਕਾਰਜਾਂ ਵਿੱਚ ਫੰਡਾਂ ਦੇ ਘੁਟਾਲੇ ਦੀ ਵਿਜੀਲੈਂਸ ਤੋਂ ਜਾਂਚ ਕਰਵਾਈ ਗਈ ਸੀ;
ਅ) ਜੇਕਰ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਕੀ ਇਹ ਠੀਕ ਹੈ ਕਿ ਜਾਂਚ ਦੌਰਾਨ ਵਿਭਾਗ ਦੇ ਕੁਝ ਅਧਿਕਾਰੀ ਗ੍ਰਾਮ ਪੰਚਾਇਤ ਦੇ ਮੈਂਬਰਾਂ ਨਾਲ ਦੋਸ਼ੀ ਪਾਏ ਗਏ ਸੀ. ਜੇਕਰ ਅਜਿਹਾ ਹੋਵੇ ਤਾਂ ਉਨ੍ਹਾਂ ਦੇ ਨਾਮ, ਅਹੁਦੇ ਅਤੇ ਮੌਜੂਦਾ ਤੈਨਾਤੀ ਸਮੇਤ ਵੇਰਵੇ ਕੀ ਹਨ;
ੲ) ਦੋਸ਼ੀਆਂ ਖਿਲਾਫ ਹੁਣ ਤੱਕ ਕੀ ਕਾਰਵਾਈ ਕੀਤੀ ਗਈ ਹੈ;
ਸ) ਭਾਗ (ੳ) ਵਿੱਚ ਦਰਸਾਏ ਅਨੁਸਾਰ ਜਾਂਚ ਵਿੱਚ ਕਿੰਨੀ ਰਾਸ਼ੀ ਦਾ ਘੁਟਾਲਾ ਹੋਇਆ ਅਤੇ ਘੁਟਾਲੇ ਦੀ ਰਾਸ਼ੀ ਦੀ ਵਸੂਲੀ ਲਈ ਕਿਹੜੇ ਕਦਮ ਚੁੱਕੇ ਜਾ ਰਹੇ ਹਨ?

## ਪਿੰਡ ਕੋਟਲਾ ਭਾਈਕਾ ਦੀ ਗ੍ਰਾਮ ਪੰਚਾਇਤ ਦੇ ਖਾਤਿਆਂ ਵਿਚਲੇ ਵਿਕਾਸ ਫੰਡਾਂ ਦੀ ਜਾਂਚ

677. **ਸਰਦਾਰ ਕੰਵਰ ਸੰਧੂ, ਐਮ.ਐਲ.ਏ.**:-ਕੀ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-
ੳ) ਕੀ ਇਹ ਠੀਕ ਹੈ ਕਿ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਨੇ ਜੂਨ 2013 ਤੋਂ 2018 ਦੌਰਾਨ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੇ ਡਿਵੈਲਪਮੈਂਟ ਬਲਾਕ ਖੇੜਾ ਦੇ ਪਿੰਡ ਕੋਟਲਾ ਭਾਈਕਾ ਦੀ ਗ੍ਰਾਮ ਪੰਚਾਇਤ ਦੇ ਖਾਤਿਆਂ ਵਿਚਲੇ ਵਿਕਾਸ ਫੰਡਾਂ ਦੀ ਜਾਂਚ ਕੀਤੀ ਹੈ;
ਅ) ਜੇਕਰ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਕੀ ਇਹ ਵੀ ਠੀਕ ਹੈ ਕਿ ਜਾਂਚ ਵਿੱਚ ਕੁਝ ਅਧਿਕਾਰੀ ਦੋਸ਼ੀ ਪਾਏ ਗਏ ਸਨ; ਜੇਕਰ ਹਾਂ ਤਾਂ ਦੋਸ਼ੀ ਪਾਏ ਗਏ ਅਧਿਕਾਰੀਆਂ ਦੇ ਨਾਂ, ਅਹੁਦੇ ਅਤੇ ਉਨ੍ਹਾਂ ਦੀ ਮੌਜੂਦਾ ਤੈਨਾਤੀ ਦੇ ਵੇਰਵੇ ਕੀ ਹਨ;
ੲ) ਕੀ ਭਾਗ (ੳ) ਅਤੇ (ਅ) ਵਿੱਚ ਵਰਣਿਤ ਵਿਭਾਗੀ ਜਾਂਚ ਵਿੱਚ ਦੋਸ਼ੀ ਪਾਏ ਗਏ ਵਿਭਾਗ ਅਤੇ ਗ੍ਰਾਮ ਪੰਚਾਇਤ ਦੇ ਅਧਿਕਾਰੀਆਂ ਵਿਰੁੱਧ ਸਬੰਧਿਤ ਕਾਨੂੰਨੀ ਧਾਰਾਵਾਂ ਤਹਿਤ ਪੁਲਿਸ ਮੁਕਦਮਾ ਦਰਜ ਕੀਤਾ ਗਿਆ ਸੀ; ਜੇਕਰ ਹਾਂ ਤਾਂ ਐਫ.ਆਈ.ਆਰ. ਦੀ ਕਾਪੀ ਦਿੱਤੀ ਜਾਵੇ?
ਸ) ਉਪਰੋਕਤ ਭਾਗ (ੳ) ਵਿੱਚ ਵਰਣਿਤ ਵਿਭਾਗੀ ਜਾਂਚ ਵਿੱਚ ਕਿੰਨੀ ਰਕਮ ਦਾ ਘਪਲਾ ਹੋਇਆ ਅਤੇ ਘਪਲੇ ਦੀ ਰਕਮ ਦੀ ਵਸੂਲੀ ਲਈ ਸਰਕਾਰ ਵੱਲੋਂ ਕੀ ਕਦਮ ਚੁੱਕੇ ਜਾ ਰਹੇ ਹਨ?

## ਹਲਕਾ ਬੁੱਢਲਾਡਾ ਵਿਖੇ ਵਣਾਂ ਦੀ ਸਥਿਤੀ

633. **ਸ਼੍ਰੀ ਬੁੱਧ ਰਾਮ,ਐਮ.ਐਲ.ਏ.**:- ਕੀ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-
ੳ) ਹਲਕਾ ਬੁੱਢਲਾਡਾ ਵਿੱਚ ਵਣਾਂ ਦੀ ਕੀ ਸਥਿਤੀ ਹੈ ਅਤੇ ਕੀ ਇਥੇ ਸੜਕਾਂ (148 B) ਨੈਸ਼ਨਲ ਹਾਈਵੇ ਬਣਾਉਣ ਵੇਲੇ ਵੱਡੀ ਗਿਣਤੀ ਵਿੱਚ ਦਰੱਖਤ ਕੱਟੇ ਗਏ ਹਨ;
ਅ) ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਵਣਾਂ ਦੀ ਸਥਿਤੀ ਸੁਧਾਰਣ ਅਤੇ ਕੱਟੇ ਗਏ ਦਰੱਖਤਾਂ ਦੀ ਥਾਂ ਤੇ ਨਵੇਂ ਦਰਖਤ ਲਗਾ ਰਹੀ ਹੈ ਅਤੇ ਲਾਏ ਜਾ ਰਹੇ ਨਵੇਂ ਦਰੱਖਤ ਦੀ ਸਾਂਭ ਸੰਭਾਲ ਦੇ ਕੀ ਉਪਰਾਲੇ ਕੀਤੇ ਜਾ ਰਹੇ ਹਨ?

## ਸਬ-ਡਵੀਜ਼ਨ ਬੁੱਢਲਾਡਾ ਦੇ ਮੁੱਖ ਹਸਪਤਾਲਾਂ ਦੇ ਨਾਲ-ਨਾਲ ਮਿੰਨੀ ਡਿਸਪੈਂਸਰੀਆਂ ਬਣਾਉਣਾ

634. **ਸ਼੍ਰੀ ਬੁੱਧ ਰਾਮ, ਐਮ.ਐਲ.ਏ.**:- ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਬ-ਡਵੀਜਨ ਬੁੱਢਲਾਡਾ ਵਿੱਚ ਸ਼ਹਿਰਾਂ ਦਾ ਫੈਲਾਅ ਵੱਡਾ ਹੋ ਜਾਣ ਕਾਰਨ ਮੁੱਖ-ਹਸਪਤਾਲਾਂ ਦੇ ਨਾਲ-ਨਾਲ ਜਿਵੇਂ ਕਿ ਬੁੱਢਲਾਡਾ ਦੇ ਬੋਹਾ ਰੋਡ ਰੇਲਵੇ ਲਾਈਨ ਤੋਂ ਪਾਰ, ਬੋਹਾ ਵਿਖੇ ਗਾਦੜ ਪੱਤੀ ਵਿੱਚ ਅਤੇ ਬਰੇਟਾ ਵਿਖੇ ਜਲਵੇੜ੍ਹਾ ਰੋਡ ਤੇ ਮਿੰਨੀ ਡਿਸਪੈਂਸਰੀਆਂ ਬਣਾਉਣ ਦੀ ਲੋੜ ਹੈ ਤਾਂ ਜੋ ਲੋਕਾਂ ਨੂੰ ਸਿਹਤ ਸਹੂਲਤਾਂ ਨੇੜੇ ਹੀ ਮਿਲ ਸਕਣ; ਜੇਕਰ ਅਜਿਹਾ ਹੈ ਤਾਂ ਸਰਕਾਰ ਇਨ੍ਹਾਂ ਥਾਂਵਾਂ ਤੇ ਕਦੋਂ ਤੱਕ ਮਿੰਨੀ ਡਿਸਪੈਂਸਰੀਆਂ ਬਣਾਉਣ ਦਾ ਵਿਚਾਰ ਰੱਖਦੀ ਹੈ?

ਚੰਡੀਗੜ੍ਹ
ਮਿਤੀ 09 ਮਾਰਚ, 2021

9/3/21
ਸੁਪਰਡੈਂਟ
ਪੰਜਾਬ ਵਿਧਾਨ ਸਭਾ
ਚੰਡੀਗੜ੍ਹ

ਸ਼ਸ਼ੀ ਲਖਨਪਾਲ ਮਿਸ਼ਰਾ,
ਸਕੱਤਰ,
ਪੰਜਾਬ ਵਿਧਾਨ ਸਭਾ।